## ਗੀਤ-ਸੰਗੀਤ




ਜਸਵੀਰ ਸਿੰਘ ਜੌਹਲ
(ਜੰਡਿਆਲਾ ਮੰਝਕੀ)


# ਪੰਜਾਬੀ ਲੋਕ ਗਾਇਕੀ ਦੇ ਮੈਦਾਨ 'ਚ ਟਿਕੇ ਰਹਿਣਾ ਅਸਾਨ ਨਹੀਂ

1980 ਦੇ ਆਰੰਭ ਵਿੱਚ ਜਦੋਂ ਇਲੈਕਟ੍ਰੋਨਿਕ ਮੀਡੀਏ ਬਾਰੇ ਸੋਚਿਆ ਵੀ ਨਹੀਂ ਸੀ ਜਾ ਸਕਦਾ, ਦੇ ਸਮੇਂ ਪੰਜਾਬ ਦੀਆਂ ਸੱਭਿਆਚਾਰਕ ਸਟੇਜਾਂ ਉੱਪਰ ਮੁਹੰਮਦ ਸਦੀਕ, ਰਣਜੀਤ ਕੌਰ, ਕੁਲਦੀਪ ਮਾਣਕ, ਸੁਰਿੰਦਰ ਛਿੰਦਾ ਅਤੇ ਟਰੱਕ ਡਰਾਈਵਰਾਂ ਦੀ ਖ਼ਾਸ ਪਸੰਦ ਅਮਰ ਸਿੰਘ ਚਮਕੀਲਾ ਆਦਿ ਕਲਾਕਾਰਾਂ ਦੀ ਤੂਤੀ ਬੋਲਦੀ ਸੀ। ਉਸ ਦੌਰ ਵਿੱਚ ਜਲੰਧਰ ਦੂਰਦਰਸ਼ਨ ਵੱਲੋਂ ਵਿਸਾਖੀ ਵਰਗੇ ਦਿਨ ਤਿਉਹਾਰ ਜਾਂ ਨਵੇਂ ਵਰ੍ਹੇ ਦੀ ਆਮਦ 'ਤੇ ਗਾਇਕੀ ਦਾ ਖ਼ਾਸ ਸ਼ੋਅ ਆਯੋਜਿਤ ਕੀਤਾ ਜਾਂਦਾ ਸੀ। ਵਰਤਮਾਨ ਸਮੇਂ ਤਾਂ ਟੈਲੀਵਿਜ਼ਨ ਹਰ ਘਰ 'ਚ ਤਾਂ ਆਪਣੀ ਥਾਂ ਬਣਾ ਚੁੱਕਿਆ ਹੈ, ਪਰ 80 ਦੇ ਸਮੇਂ ਵਿੱਚ ਟੈਲੀਵਿਜ਼ਨ ਆਮ ਆਦਮੀ ਦੀ ਪਹੁੰਚ ਵਿੱਚ ਨਹੀਂ ਸੀ। ਲੋਕ ਇੱਕ ਦੂਜੇ ਦੇ ਘਰ ਜਾ ਕੇ ਖ਼ਾਸ ਪ੍ਰੋਗਰਾਮ ਦੇਖਦੇ ਸਨ। ਉਸੇ ਵਰ੍ਹੇ ਹੀ ਭਾਵ 1980 ਵਿੱਚ ਜਲੰਧਰ ਦੂਰਦਰਸ਼ਨ ਵੱਲੋਂ ਪਹਿਲੀ ਵਾਰ ਆਪਣੇ ਸ਼ੋਅ ਵਿੱਚ ਇੱਕ ਮਾਲਵੇ ਦੇ ਨੌਜਵਾਨ ਨੂੰ ਗਾਇਕੀ ਦੇ ਮੈਦਾਨ ਵਿੱਚ ਉਤਾਰਿਆ, ਉਹ ਵੀ ਇੱਕ ਜੱਟਾਂ ਦੇ ਮੁੰਡੇ ਨੂੰ। ਜੱਟ ਅਤੇ ਗਾਇਕੀ ਦਾ ਮੇਲ ਹਰ ਪੰਜਾਬੀ ਦੀ ਸਮਝ ਤੋਂ ਪਰ੍ਹੇ ਦੀ ਗੱਲ ਸੀ, ਕਿਉਂਕਿ ਗਾਇਕੀ ਤਾਂ ਮੁੱਢ ਕਦੀਮ ਤੋਂ ਹੀ ਮਰਾਸੀਆਂ ਦਾ ਹੀ ਕਿੱਤਾ ਚਲਿਆ ਆਇਆ ਹੈ, ਪਰ ਉਸ ਜੱਟ ਮੁੰਡੇ ਨੇ ਦੂਰਦਰਸ਼ਨ ਦੇ ਉਸ ਪ੍ਰੋਗਰਾਮ ਵਿੱਚ 'ਮਾਮਲਾ ਗੜਬੜ ਹੈ', 'ਸੱਚੇ ਪਾਤਸ਼ਾਹ ਵਾਹਿਗੁਰੂ ਜਾਣੇ', 'ਕੀ ਬਣੂੰ ਦੁਨੀਆਂ ਦਾ', 'ਦਿਲ ਦਾ ਮਾਮਲਾ ਹੈ' ਵਰਗੇ ਗੀਤ ਗਾ ਕੇ ਰਾਤੋ-ਰਾਤ ਸਮੁੱਚੇ ਪੰਜਾਬੀਆਂ ਦੇ ਦਿਲਾਂ ਵਿੱਚ ਗੁਰਦਾਸ ਮਾਨ ਨੇ ਆਪਣੀ ਧਾਂਕ ਜਮਾ ਲਈ। ਚੜ੍ਹਦੀ ਉਮਰੇ ਸ਼ੁਰੂ ਹੋਇਆ ਉਸ ਨੌਜਵਾਨ ਦਾ ਸਫ਼ਰ ਅੱਜ ਵੀ ਸਫ਼ਲਤਾ ਨਾਲ ਚੱਲ ਰਿਹਾ ਹੈ। ਗੁਰਦਾਸ ਮਾਨ ਦੀ ਤੂਤੀ ਸਿਰਫ਼ ਗਾਇਕੀ ਦੇ ਖੇਤਰ ਤੱਕ ਹੀ ਸੀਮਿਤ ਨਾ ਹੋ ਕੇ ਜੋ ਯੋਗਦਾਨ ਗੁਰਦਾਸ ਮਾਨ ਨੇ ਪੰਜਾਬੀ ਸਿਨੇਮਾ 'ਚ ਪਾਇਆ ਹੈ, ਉਹ ਹਰ ਕਿਸੇ ਕਲਾਕਾਰ ਦੇ ਵੱਸ ਦੀ ਗੱਲ ਨਹੀਂ ਹੈ। ਨਾ ਹੀ ਲਗਾਤਾਰ ਤਿੰਨ ਦਹਾਕਿਆਂ ਤੋਂ ਆਪਣੀ ਸਫ਼ਲਤਾ ਦੀ ਟੀਸੀ ਉੱਪਰ ਟਿਕੇ ਰਹਿਣਾ ਹਰ ਕਿਸੇ ਦੇ ਵੱਸ ਦੀ ਗੱਲ ਹੈ। ਗੁਰਦਾਸ ਮਾਨ ਵਰਤਮਾਨ ਸਮੇਂ ਜਦੋਂ ਉਮਰ ਦੇ 6ਵੇਂ ਦਹਾਕੇ ਨੂੰ ਪਾਰ ਕਰਨ ਵੱਲ ਵੱਧ ਰਿਹਾ ਹੈ, ਤਾਂ ਅੱਜ ਵੀ ਪੰਜਾਬੀ ਗਾਇਕੀ ਵਿੱਚ ਸਭ ਤੋਂ ਅੱਗੇ ਹੈ। ਅਜੋਕਾ ਯੁੱਗ ਪ੍ਰਿੰਟ ਅਤੇ ਇਲੈਕਟ੍ਰੋਨਿਕ ਮੀਡੀਏ ਦਾ ਯੁੱਗ ਹੈ। ਹਾਲਾਂ ਕਿ ਗੁਰਦਾਸ ਮਾਨ ਦੇ ਸਮੇਂ ਦੇ ਵਿੱਚ ਹੀ ਸਰਦੂਲ ਸਿਕੰਦਰ, ਅਮਰ ਨੂਰੀ, ਹੰਸ ਰਾਜ ਹੰਸ, ਮਲਕੀਅਤ, ਮਨਮੋਹਨ ਵਾਰਿਸ, ਹਰਭਜਨ ਮਾਨ, ਬੱਬੂ ਮਾਨ, ਦਲੇਰ ਮਹਿੰਦੀ ਆਦਿ ਵਰਗੇ ਕਲਾਕਾਰ ਵੀ ਪੰਜਾਬੀ ਗਾਇਕੀ ਦੇ ਪਿੜ ਵਿੱਚ ਨਿੱਤਰੇ, ਪਰ ਜੋ ਉਪਾਧੀ ਗੁਰਦਾਸ ਮਾਨ ਹਾਸਲ ਕਰ ਚੁੱਕਾ ਹੈ, ਉਹ ਉਕਤ ਕਿਸੇ ਵੀ ਕਲਾਕਾਰ ਨੂੰ ਨਸੀਬ ਨਹੀਂ ਹੋਈ। ਇਹ ਗੱਲ ਠੀਕ ਹੈ ਕਿ ਹੰਸਰਾਜ ਹੰਸ ਬੇਸ਼ੱਕ ਰਾਜ ਗਾਇਕ ਦੀ ਉਪਾਧੀ ਹਾਸਲ ਕਰ ਚੁੱਕਾ ਹੈ, ਦੇ ਫ਼ਿਲਮੀ ਗੀਤ 'ਇਸ਼ਕੇ ਦੀ ਗਲੀ ਵਿੱਚੋਂ ਕੋਈ ਕੋਈ ਲੰਘਦਾ' ਬਹੁਤ ਲੋਕਪ੍ਰਿਯ ਹੋਇਆ ਸੀ, ਪਰ ਗੁਰਦਾਸ ਮਾਨ ਦੀ ਗੱਲ ਆਪਣੀ ਜਗ੍ਹਾ ਹੈ। ਵਰਤਮਾਨ ਸਮੇਂ ਸਤਿੰਦਰ ਸਿਰਤਾਜ ਵਰਗੀ ਨੌਜਵਾਨ ਨਸਲ ਉਹ ਵੀ ਅਜੋਕੇ ਮੀਡੀਏ ਦੇ ਦੌਰ ਵਿੱਚ ਦਰਸ਼ਕਾਂ ਦੇ ਸਾਹਮਣੇ ਆਪਣੀ ਹਾਜ਼ਰੀ ਲਗਵਾ ਚੁੱਕੀ ਹੈ। ਹਰ ਕੋਈ ਮਿਸ ਪੂਜਾ ਨੂੰ ਸੁਣਨਾ ਹੀ ਪਸੰਦ ਨਹੀਂ ਕਰਦਾ, ਕਿਉਂਕਿ ਅਜਿਹੇ ਦਰਸ਼ਕ ਵੀ ਹਨ, ਜੋ ਸੂਫ਼ੀਆਨਾ ਗਾਇਕੀ ਨੂੰ ਜ਼ਿਆਦਾ ਪਸੰਦ ਕਰਦੇ ਹਨ। ਗੁਰਦਾਸ ਮਾਨ ਨੂੰ ਨਾ ਤਾਂ ਸੂਫ਼ੀਆਨਾ ਗਾਇਕ ਕਿਹਾ ਜਾ ਸਕਦਾ ਹੈ ਅਤੇ ਨਾ ਹੀ ਲੋਫਰੇਪਨ ਦੀ ਗਾਇਕੀ ਦਾ ਮਾਲਕ। ਅਸਲ 'ਚ ਗੁਰਦਾਸ ਮਾਨ ਅੰਦਰ ਸਾਮਾਜਿਕ ਕਦਰਾਂ-ਕੀਮਤਾਂ ਨੂੰ ਪਛਾਨਣ ਦੀ ਮੁਹਾਰਤ ਉਸ ਖ਼ੁਦਾ ਵੱਲੋਂ ਕੁੱਟ-ਕੁੱਟ ਕੇ ਭਰੀ ਪਈ ਹੈ। ਜੋ ਇੱਕ ਆਮ ਆਦਮੀ ਦੀ ਗੱਲ 'ਭਾਵੇਂ ਬੂਟ ਪਾਲਿਸ਼ਾਂ ਕਰੀਏ, ਰੋਟੀ ਹੱਕ ਦੀ ਖਾਈਏ ਜੀ' ਦੇ ਨਾਲ ਹੀ 'ਪੰਜਾਬੀਏ ਜ਼ੁਬਾਨੇ, ਨੀ ਰਕਾਨੇ ਮੇਰੇ ਦੇਸ਼ ਦੀਏ, ਫਿੱਕੀ ਪੈ ਗਈ ਚਿਹਰੇ ਦੀ ਨੁਹਾਰ' ਤੋਂ ਅੱਗੇ ਵੱਧਦੇ ਹੋਏ ਅਜੋਕੇ ਕੁਰਾਹੇ ਪਏ ਨੌਜਵਾਨ ਨੂੰ ਜੋ ਨਸ਼ੇੜੀ ਬਣ ਕੇ ਆਪਣੀ ਜ਼ਿੰਦਗੀ ਬਰਬਾਦ ਕਰ ਰਹੇ ਹਨ 'ਤੇ ਗਹਿਰੀ ਚੋਟ ਕਰਦੇ ਹੋਏ 'ਬਾਬੇ ਭੰਗੜਾ ਪਾਉਂਦੇ ਨੇ' ਨਸੀਹਤ ਦੇ ਰੂਪ ਵਿੱਚ ਸੁਣਨ ਨੂੰ ਮਿਲਦੇ ਹਨ। ਇਹਨਾਂ ਸਾਰੀਆਂ ਖ਼ੂਬੀਆਂ ਸਦਕਾ ਹੀ ਗੁਰਦਾਸ ਜਿਸ ਬੁਲੰਦੀ 'ਤੇ ਅੱਜ ਤੋਂ ਤੀਹ ਵਰ੍ਹੇ ਪਹਿਲਾਂ ਚੜ੍ਹਿਆ ਸੀ, ਓਸੇ 'ਤੇ ਟਿਕਿਆ ਆ ਰਿਹਾ ਹੈ। ਜਦ ਕਿ ਇਸੇ ਅਰਸੇ ਦੌਰਾਨ ਦਲੇਰ ਮਹਿੰਦੀ 'ਗੱਡੇ 'ਤੇ ਨਾ ਚੜ੍ਹਦੀ ਗਡੀਰੇ 'ਤੇ ਨਾ ਚੜ੍ਹਦੀ, ਛੜਿਆਂ ਦੇ ਟੱਟੂ ਉੱਤੇ ਟੱਪ ਚੜ੍ਹਦੀ' ਗਾ ਕੇ ਬੇਸ਼ੱਕ ਸਟਾਰ ਬਣ ਗਿਆ, ਪਰ ਕਬੂਤਰਬਾਜ਼ੀ ਲੱਗੇ ਦੋਸ਼ਾਂ ਨੇ ਪੰਜਾਬੀਆਂ ਦੇ ਦਿਲਾਂ ਵਿੱਚੋਂ ਉਸ ਨੂੰ ਵਿਸਾਰ ਦਿੱਤਾ। ਮਹਿੰਦੀ ਦਾ ਹੀ ਭਰਾ ਮੀਕਾ ਸਿੰਘ, ਸੁਰਜੀਤ ਬਿੰਦਰਖੀਆ, ਮਲਕੀਅਤ, ਹਰਭਜਨ ਮਾਨ, ਮਨਮੋਹਨ ਵਾਰਿਸ ਆਦਿ ਦੀ ਆਮਦ ਵੀ ਹੋਈ। ਉਕਤ ਕਲਾਕਾਰਾਂ ਨੂੰ ਕਾਮਯਾਬੀ ਤਾਂ ਜ਼ਰੂਰ ਮਿਲੀ, ਪਰ ਉਹ ਵੀ ਆਪਣੇ ਦਾਇਰੇ ਵਿੱਚ ਸਿਮਟ ਕੇ ਰਹਿ ਗਏ। ਇਸੇ ਤਰ੍ਹਾਂ ਹੀ ਰਵਿੰਦਰ ਗਰੇਵਾਲ ਨੇ ਵੀ ਸ਼ਿਰਕਤ ਕੀਤੀ। ਬੇਸ਼ੱਕ ਉਸ ਦੀ ਗਾਇਕੀ ਦੇਸ ਭਗਤੀ ਦੇ ਨਾਲ-ਨਾਲ ਸਾਮਾਜਿਕ ਰਿਸ਼ਤਿਆਂ ਦੀ ਤਰਜ਼ਮਾਨੀ ਕਰਦੀ ਹੈ, ਪਰ ਗੁਰਦਾਸ ਮਾਨ ਤੋਂ ਸ਼ੁਰੂ ਹੋਇਆ



ਗੁਰਦਾਸ ਮਾਨ



ਮੀਕਾ

ਜੱਟਾਂ ਦਾ ਗਾਇਕੀ ਵਿੱਚ ਦਾਖ਼ਲਾ ਇਸ ਕਦਰ ਨੌਜਵਾਨ ਵਰਗ 'ਤੇ ਹਾਵੀ ਹੋਇਆ ਕਿ ਜੱਟਾਂ ਦਾ ਹਰ ਮੁੰਡਾ ਆਪਣੇ ਆਪ ਨੂੰ ਗਾਇਕ ਹੀ ਸਮਝਣ ਲੱਗ ਪਿਆ। ਜ਼ਮੀਨ ਵੇਚ ਕੇ ਕੈਸੇਟ ਕਰਵਾਉਣੀ ਇੱਕ ਫ਼ੈਸ਼ਨ ਬਣ ਗਿਆ। ਇੱਕ ਸਮਾਂ ਉਹ ਵੀ ਸੀ, ਜਦੋਂ ਸਾਡਾ ਸਮਾਜ ਨੱਚਣ ਗਾਉਣ ਵਾਲਿਆਂ ਨੂੰ ਚੰਗਾ ਨਹੀਂ ਸੀ ਸਮਝਦਾ। ਖ਼ਾਸ ਕਰਕੇ ਜੱਟ ਪਰਿਵਾਰਾਂ ਵਿੱਚੋਂ ਕਲਾਕਾਰ ਬਣਨ ਵਾਲੇ ਨੂੰ ਚੰਗੀ ਨਜ਼ਰ ਨਾਲ ਨਹੀਂ ਸੀ ਦੇਖਿਆ ਜਾਂਦਾ, ਪਰ ਗੁਰਦਾਸ ਮਾਨ ਦੀ ਗਾਇਕੀ ਨੇ ਸਾਡੇ ਸਮਾਜ ਦੀ ਉਹ ਸੋਚ ਬਦਲ ਕੇ ਰੱਖ ਦਿੱਤੀ। ਹਾਲਾਂ ਕਿ ਇਸੇ ਅਰਸ ਦੌਰਾਨ ਖ਼ਾਸ ਕਰ ਪੰਜਾਬ 'ਚ ਮੁੜ ਅਮਨ ਹੋਣ ਬਾਅਦ ਕੁਝ ਕਲਾਕਾਰਾਂ ਨੇ ਅਮਰ ਸਿੰਘ ਚਮਕੀਲਾ ਦੀ ਰਾਹ ਅਖ਼ਤਿਆਰ ਕਰਨ ਦੀ ਕੋਸ਼ਿਸ਼ ਕੀਤੀ, ਪਰ ਸਫਲ ਨਾ ਹੋਏ। ਕੁਝ ਗਾਇਕਾਂ ਨੇ ਨੌਜਵਾਨ ਵਰਗ ਨੂੰ ਕੁਰਾਹੇ ਪਾਉਣ ਵਾਸਤੇ 'ਚੱਕ ਲਓ ਰਿਵਾਲਵਰ ਰਫਲਾਂ ਤੇ ਕਬਜ਼ਾ ਲੈਣਾ ਏ' ਕਿਸ ਸਮਾਜ ਦੀ ਗੱਲ ਕਰਦਾ ਹੈ। ਹਾਲਾਂ ਕਿ ਹੰਸ ਰਾਜ ਹੰਸ ਨੂੰ ਬੇਸ਼ੱਕ ਗਾਇਕੀ ਦੀ ਉਪਾਧੀ ਮਿਲੀ ਹੈ, ਪਰ ਉਸ ਨੇ ਵੀ ਇੱਕ ਸਮੇਂ 'ਉਹ ਵੇਖੋ ਸੜਕਾਂ 'ਤੇ ਅੱਗ ਤੁਰੀ ਜਾਂਦੀ ਏ' ਗਾਇਆ ਸੀ। ਸ਼ਾਇਦ ਉਸ ਤੋਂ ਬਾਅਦ ਉਸ ਨੇ ਅਜਿਹੇ ਗੀਤਾਂ ਤੋਂ ਤੌਬਾ ਕਰ ਲਈ। ਗਾਇਕੀ ਦੇ ਖੇਤਰ ਵਿੱਚ ਹੰਸ ਰਾਜ ਹੰਸ ਦਾ ਮਾਨ-ਸਨਮਾਨ ਪੰਜਾਬੀ ਦਰਸ਼ਕਾਂ ਵਿੱਚ ਬਹੁਤ ਸੀ, ਪਰ ਪਿਛਲੀਆਂ ਲੋਕ ਸਭਾ ਚੋਣਾਂ 'ਚ ਉਸ ਦੇ ਚੋਣ ਮੈਦਾਨ 'ਚ ਆਉਣ ਨਾਲ ਪੰਜਾਬੀ ਸਰੋਤਿਆਂ ਦਾ ਮੋਹ ਉਸ ਤੋਂ ਭੰਗ ਹੋ ਗਿਆ। ਪੰਜਾਬੀ ਸੱਭਿਆਚਾਰਕ ਮੰਚ 'ਤੇ ਨਾ ਤਾਂ ਲੱਚਰਤਾ ਗਾਉਣ ਵਾਲਾ ਟਿਕ ਸਕਦਾ ਹੈ ਅਤੇ ਨਾ ਹੀ ਨਿਰੋਲ ਸੂਫ਼ੀਆਨਾ ਜਾਂ ਕਲਾਸੀਕਲ ਸੰਗੀਤ ਵਿੱਚ ਬੱਝ ਕੇ। ਮਿਸਾਲ ਵਜੋਂ ਗੁਰੂ ਕੀ ਵਡਾਲੀ, ਪੂਰਨ ਸ਼ਾਹ ਕੋਟੀ ਵਰਗੇ ਫ਼ਨਕਾਰ ਇਸ ਕਰਕੇ ਬਹੁਤਾ ਅੱਗੇ ਨਾ ਵਧੇ, ਕਿਉਂਕਿ ਉਹ ਸਿਰਫ਼ ਆਪਣੇ ਦਾਇਰੇ ਵਿੱਚ ਰਹਿ ਕੇ ਗਾਉਣਾ ਪਸੰਦ ਕਰਦੇ ਹੋਣ ਕਾਰਨ ਹਾਲਾਂ ਕਿ ਉਕਤ ਗੁਰੀ ਕੀ ਵਡਾਲੀ ਅਤੇ ਪੂਰਨ ਸ਼ਾਹ ਕੋਟੀ ਵਰਗੇ ਫਨਕਾਰ ਪੰਜਾਬ ਦੇ ਨਾ ਹੋ ਕੇ ਨੈਸ਼ਨਲ ਪੱਧਰ ਦੇ ਗਾਇਕ ਬਣ ਚੁੱਕੇ ਹਨ, ਪਰ ਆਮ ਸਰੋਤਿਆਂ ਵਿੱਚ ਜਾਣ ਵਾਸਤੇ ਮਰਹੂਮ ਨੁਸਰਤ ਫਤਿਹ ਅਲੀ ਖਾਂ ਸਾਹਿਬ ਨੂੰ ਵੀ ਉਹੀ ਗਾਇਕੀ ਅਪਣਾਉਣੀ ਪਈ ਸੀ, ਜੋ ਹਰ ਆਮ ਆਦਮੀ ਦੀ ਸਮਝ ਵਿੱਚ ਆ ਸਕੇ। ਇਸੇ ਕਰਕੇ ਹੀ ਨੁਸਰਤ ਫਤਿਹ ਅਲੀ ਖਾਨ ਸਾਹਿਬ ਭਾਰਤੀ ਫ਼ਿਲਮ ਜਗਤ ਦੇ ਹਰਮਨ ਪਿਆਰੇ ਗਾਇਕ ਸਿੱਧ ਹੋਏ। ਅਜੋਕੇ ਰੀਮਿਕਸ ਦੇ ਯੁੱਗ ਵਿੱਚ ਜਦੋਂ ਪੁਰਾਣੇ ਗੀਤਾਂ ਨੂੰ ਨਵੇਂ ਸਿਰਿਓਂ ਤਿਆਰ ਕਰਕੇ ਦਰਸ਼ਕਾਂ ਸਾਹਮਣੇ ਪਰੋਸਿਆ ਜਾ ਰਿਹਾ ਹੈ ਕਿ ਬੀਤੇ ਦੌਰ ਦੇ ਗੀਤ ਚਾਹੇ ਉਹ ਫ਼ਿਲਮੀ ਹੋਣ ਜਾਂ ਗ਼ੈਰ-ਫ਼ਿਲਮੀ। ਉਨ੍ਹਾਂ 'ਚ ਜੋ ਤਾਜ਼ਗੀ ਹੈ, ਉਹ ਅਜੋਕੇ ਯੁੱਗ ਦੇ ਗੀਤਾਂ ਵਿੱਚ ਨਹੀਂ ਮਿਲਦੀ। ਪੰਜਾਬੀ ਸਰੋਤਿਆਂ ਵਿੱਚ ਉਹੀ ਕਲਾਕਾਰ ਅਮਰ ਹੋ ਸਕਦਾ ਹੈ, ਜੋ ਲੋਕਾਂ ਦੀ ਜ਼ੁਬਾਨ ਅਤੇ ਜਜ਼ਬਾਤਾਂ ਨੂੰ ਸਮਝ ਸਕੇ। ਸੂਫ਼ੀਆਨਾ ਗਾਇਕੀ ਬੇਸ਼ੱਕ ਸਾਡੀ ਵਿਰਾਸਤ ਹੈ।



ਸਤਿੰਦਰ ਸਰਤਾਜ



ਦਲੇਰ ਮਹਿੰਦੀ



ਅਮਰ ਨੂਰੀ



ਮਿਸ ਪੂਜਾ